# BUDHA DAL PUBLIC SCHOOL PATIALA
## Final Examination (12 March 2025)
**Class - VI**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5×1=5)

ਮਹਾਤਮਾ ਟਾਲਸਟਾਏ ਰੂਸ ਦਾ ਪ੍ਰਸਿੱਧ ਸਾਹਿਤਕਾਰ ਸੀ। ਉਹ ਹਰ ਪਾਸਿਓਂ ਰੂਸੀ ਸੀ। ਉਹ ਉੱਚੇ ਘਰਾਣੇ ਨਾਲ ਸੰਬੰਧ ਰੱਖਦਾ ਸੀ। ਉਸ ਨੂੰ ਭਾਵੇਂ ਹੋਰ ਵੀ ਕਈ ਭਾਸ਼ਾਵਾਂ ਦੀ ਜਾਣਕਾਰੀ ਸੀ ਪਰ ਉਸ ਨੇ ਆਪਣੀ ਰਚਨਾ ਕੇਵਲ ਰੂਸੀ ਜ਼ਬਾਨ ਵਿੱਚ ਕੀਤੀ। ਪਰ ਕੀ ਉਹ ਕੇਵਲ ਰੂਸ ਲਈ ਸੀ? ਉਸ ਦੀ ਲਿਖਤਾਂ ਦਾ ਅਸਰ ਤਾਂ ਸਾਰੇ ਸੰਸਾਰ 'ਤੇ ਹੋਇਆ। ਮਹਾਤਮਾ ਗਾਂਧੀ ਨੇ ਵੀ ਆਪ ਦੇ ਵਿਚਾਰਾਂ ਤੋਂ ਭਰਪੂਰ ਲਾਭ ਉਠਾਇਆ। ਉਸ ਨੇ ਮਨੁੱਖੀ ਅਸਥਾਨਾਂ ਦੇ ਇੰਨ-ਬਿੰਨ ਚਿੱਤਰ ਬਣਾਏ। ਸਾਹਿਤ ਦਾ ਮੰਤਵ ਸੁਭਾਅ ਦਾ ਸਵਾਧਿਆ ਕਰਨਾ ਤੇ ਦੂਜਿਆਂ ਦੇ ਸਾਹਮਣੇ ਸਪਸ਼ਟ ਰੂਪ ਵਿੱਚ ਪੇਸ਼ ਕਰਨਾ ਹੈ। ਟਾਲਸਟਾਏ ਨੇ ਪੰਜਾਹ ਤੋਂ ਵੱਧ ਪੁਸਤਕਾਂ ਲਿਖੀਆਂ ਜਿਨ੍ਹਾਂ ਦਾ ਉਲਥਾ ਕਈ ਜ਼ਬਾਨਾਂ ਵਿੱਚ ਮਿਲਦਾ ਹੈ।

ੳ) ਮਹਾਤਮਾ ਟਾਲਸਟਾਏ ਕਿੱਥੋਂ ਦਾ ਪ੍ਰਸਿੱਧ ਸਾਹਿਤਕਾਰ ਸੀ?
ਅ) ਟਾਲਸਟਾਏ ਕਿਹੜੇ ਘਰਾਣੇ ਨਾਲ ਸੰਬੰਧ ਰੱਖਦਾ ਸੀ?
ੲ) ਕਿਸ ਨੇ ਆਪ ਦੇ ਵਿਚਾਰਾਂ ਤੋਂ ਭਰਪੂਰ ਲਾਭ ਉਠਾਇਆ?
ਸ) ਟਾਲਸਟਾਏ ਦੀਆਂ ਲਿਖਤਾਂ ਦਾ ਅਸਰ ਕਿਸ 'ਤੇ ਹੋਇਆ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ।** (4×1=4)



A -1

## ਵਿਆਕਰਨ

3) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4×1=4)

ੳ) ਸਾਹ ਸੁੱਕਣਾ

ਅ) ਹੱਥ ਵਟਾਉਣਾ

ੲ) ਹੱਕਾ ਬੱਕਾ ਹੋਣਾ

ਸ) ਸਰ ਕਰਨਾ

4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2×1=2)

ੳ) ਜੋ ਕਹਾਣੀਆਂ ਲਿਖਦਾ ਹੋਵੇ -

ਅ) ਜੋ ਕਦੇ ਗਲਤੀ ਨਾ ਕਰੇ -

5) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2×1=2)

ਗੁੱਸਾ, ਕੰਮ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਪੜ, ਬੇ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਬਾਜ਼, ਚੀ

8) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (4×½=2)

ਹਿਰਨ, ਫ਼ਕੀਰ, ਸ਼ਿਕਾਰੀ, ਪੁਰਖ

9) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਪਿਆਰਾ, ਪੁਸਤਕ, ਕੋਠੀ, ਮਾਂ

10) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (4×½=2)

ਆਦਰ, ਗੁਣ, ਇਨਕਾਰ, ਬਰੀਕ

11) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਪੰਛੀ, ਗੋਬੀ, ਬੌਹਤ, ਗਿਜਾ

12) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (2×1=2)

ੳ) ਫ਼ੌਜ ਨੇ ਹਮਲਾ ਕਰ ਦਿੱਤਾ।

ਅ) ਭਗਤ ਸਿੰਘ ਨੇ ਦੇਸ਼ ਲਈ ਆਪਣੀ ਜਾਨ ਵਾਰ ਦਿੱਤੀ।

13) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (2×1=2)

ੳ) ਕੌਣ ਰੌਲਾ ਪਾ ਰਿਹਾ ਹੈ?

ਅ) ਜੋ ਮਿਹਨਤ ਕਰਨਗੇ ਉਹ ਸਫ਼ਲ ਹੋ ਜਾਣਗੇ।

14) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (2×1=2)

ੳ) ਦੋਹਾਂ ਭੈਣਾਂ ਦੇ ਸੁਭਾਅ ਵਿੱਚ ਦਿਨ ਰਾਤ ਦਾ ਫ਼ਰਕ ਹੈ

ਅ) ਮੇਰੇ ਕੋਲ ਕਿਤਾਬਾਂ ਕਾਪੀਆਂ ਪੈੱਨ ਅਤੇ ਰਬੜ ਹੈ

## ਪਾਠ ਪੁਸਤਕ ਤੇ ਅਧਾਰਤ

15) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ): (6×1=6)

ੳ) ਵਜ਼ੀਰ ਨੇ ਜੋ ਕੁਝ ਦੇਖਿਆ ਉਹ ਕਿਸ ਨੂੰ ਦੱਸਿਆ?

ਅ) ਦਰਿਆਵਾਂ ਦਾ ਪਾਣੀ ਕਿਹੋ ਜਿਹਾ ਹੈ?

ੲ) ਰਘੂ ਅਤੇ ਰਾਘਵ ਬਾਗ਼ ਵਿੱਚ ਕਿਉਂ ਦਾਖਲ ਹੋਏ?

ਸ) ਪਿੰਜਰੇ ਵਿੱਚ ਕੌਣ ਫਸ ਗਿਆ?

ਹ) ਜਲ ਪ੍ਰਦੂਸ਼ਣ ਤੋਂ ਕੀ ਭਾਵ ਹੈ?

ਕ) ਬੌਣੇ ਚੋਰ ਨੇ ਕਿਹੜੇ ਰੰਗ ਦੀ ਟੋਪੀ ਪਾਈ ਸੀ?

ਖ) ਚਿੜੀਆਂ ਨੇ ਫੁੱਲਾਂ ਨੂੰ ਕਿਸ ਤੋਂ ਮੁਕਤੀ ਦਿਵਾਈ ਸੀ?

16) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ (35-40 ਸ਼ਬਦਾਂ) ਵਿੱਚ ਦਿਓ: (ਕੋਈ ਛੇ) (6×2=12)

ੳ) ਰਾਜੇ ਨੇ ਚਿੜੀਆਂ ਨੂੰ ਬਾਗ ਵਿੱਚ ਆਉਣ ਤੋਂ ਰੋਕਣ ਲਈ ਕੀ-ਕੀ ਕੀਤਾ?

ਅ) ਪਾਣੀ ਦੀ ਮਹੱਤਤਾ ਨੂੰ ਵੱਖ-ਵੱਖ ਗ੍ਰੰਥਾਂ ਨੇ ਕਿਵੇਂ ਦੱਸਿਆ ਹੈ?

ੲ) 'ਭਾਰਤ ਮਾਂ' ਬਾਰੇ ਚਾਰ ਵਾਕ ਲਿਖੋ।

ਸ) ਰਾਜੇ ਨੂੰ ਉਸ ਮੁੰਡੇ ਨੇ ਚਾਰ ਲਕੀਰਾਂ ਬਾਰੇ ਕੀ ਦੱਸਿਆ?

ਹ) ਚਿੜੀ ਦੀ ਕਿਸ ਗੱਲ ਤੇ ਰਾਜੇ ਨੇ ਚਿੜੀ ਨੂੰ ਅਜ਼ਾਦ ਕਰ ਦਿੱਤਾ ਤੇ ਕੀ ਹੁਕਮ ਦਿੱਤਾ?

ਕ) ਰਾਜੇ ਨੇ ਜੋਤਸ਼ੀ ਦੇ ਆਖੇ ਅਨੁਸਾਰ ਕੀ ਕੀਤਾ?

ਖ) ਰਘੂ ਅਤੇ ਰਾਘਵ ਕਿਉਂ ਡਰੇ ਹੋਏ ਸਨ?

17) ਖਾਲੀ ਥਾਵਾਂ ਭਰੋ: (3×1=3)

ੳ) ਮੁੰਡੇ ਦਾ ਨਾਂ .................. ਸੀ।

ਅ) ਅਸੀਂ ਤਾਂ ............... ਤੋੜਨ ਲਈ ਰੁਕੇ ਸੀ।

ੲ) ਦਰਿਆ ............... ਪਾਣੀ ਦੇ ਸਰੋਤ ਹਨ।

18) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ (✓) ਅਤੇ ਗਲਤ ਵਾਕ ਅੱਗੇ ਗਲਤ (X) ਦਾ ਨਿਸ਼ਾਨ ਲਗਾਓ: (4×½=2)

ੳ) ਰਾਜੇ ਨੇ ਮੁੰਡੇ ਨੂੰ ਖਰੀਦ ਕੇ ਉਸ ਦੀ ਬਲੀ ਦੇ ਦਿੱਤੀ।

ਅ) ਰਘੂ ਅਤੇ ਰਾਘਵ ਨੂੰ ਬੌਣਾ ਚੋਰ ਅੰਬਾਂ ਵਾਲੇ ਬਾਗ਼ ਵਿੱਚ ਮਿਲਿਆ।

ੲ) ਪਾਣੀ ਦੇ ਸਰੋਤਾਂ ਨੂੰ ਗੰਦਾ ਹੋਣ ਤੋਂ ਬਚਾਉਣਾ ਚਾਹੀਦਾ ਹੈ।

ਸ) ਚਿੜੀਆਂ ਨੇ ਬਾਗ਼ ਉਜਾੜ ਦਿੱਤਾ।

19) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ: (2×1=2)

ੳ) "ਤੁਸੀਂ ਮੈਨੂੰ ਇੱਕ ਆਰੀ ਲਿਆ ਕੇ ਦੇਵੋਗੇ।"

ਅ) "ਉਸ ਨੇ ਤਾਂ ਮੈਨੂੰ ਵੇਚ ਦਿੱਤਾ ਹੈ, ਮੈਨੂੰ ਉਸ ਕੋਲੋਂ ਕਿਸੇ ਮਦਦ ਦੀ ਆਸ ਨਹੀਂ ਹੈ।"

20) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ) (5×1=5)

ਪ੍ਰਸਿੱਧ, ਪ੍ਰਦੇਸ਼, ਨੌਕਰ, ਸੰਤਾਨ, ਸਰੋਤ, ਪਿੰਜਰਾ

## ਲਿਖਣ-ਕੌਸ਼ਲ

21) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਬਚਪਨ, ਅਨੰਦਪੁਰ ਸਾਹਿਬ ਆ ਜਾਣਾ, ਪਿਤਾ ਦੀ ਕੁਰਬਾਨੀ, ਜੰਗੀ ਤਿਆਰੀਆਂ, ਖ਼ਾਲਸਾ ਪੰਥ ਦੀ ਸਾਜਨਾ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਨੰਦੇੜ ਵੱਲ ਜਾਣਾ, ਜੋਤੀ ਜੋਤ ਸਮਾਉਣਾ।

**ਜਾਂ**

**ਛੱਬੀ ਜਨਵਰੀ**

ਨੁਕਤੇ -

ਜਾਣ-ਪਛਾਣ, ਦੇਸ਼ ਭਗਤਾਂ ਵੱਲੋਂ ਅਜ਼ਾਦੀ ਦਾ ਐਲਾਨ, ਅਜ਼ਾਦ ਭਾਰਤ ਦਾ ਸੰਵਿਧਾਨ ਲਾਗੂ ਹੋਣਾ, ਸਮਾਗਮ ਅਤੇ ਰੌਣਕਾਂ, ਦਿੱਲੀ ਵਿਖੇ ਰਾਸ਼ਟਰੀ ਪੱਧਰ ਦਾ ਸਮਾਗਮ, ਪਰੇਡ ਦਾ ਦ੍ਰਿਸ਼ ਤੇ ਕਲਾਕਾਰੀ ਦੇ ਜੌਹਰ।

22) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ। (7)

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਸੈਕਸ਼ਨ ਨਾ ਬਦਲਣ ਲਈ ਬਿਨੈ-ਪੱਤਰ ਲਿਖੋ।

# BUDHA DAL PUBLIC SCHOOL PATIALA
## Final Examination (12 March 2025)
**Class - VI**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5×1=5)

ਬਾਬਾ ਨਾਨਕ ਸਿੱਖ ਧਰਮ ਦੇ ਮੋਢੀ ਸਨ ਅਤੇ ਦਸ ਸਿੱਖ ਗੁਰੂਆਂ ਵਿੱਚੋਂ ਪਹਿਲੇ ਗੁਰੂ ਹਨ। ਆਪ ਜੀ ਦਾ ਜਨਮ ਸੰਨ 1469 ਈ. ਦੀ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਗੁਰਪੁਰਬ ਵਜੋਂ ਮਨਾਇਆ ਜਾਂਦਾ ਹੈ। ਆਪ ਦੇ ਪਿਤਾ ਜੀ ਦਾ ਨਾਂ ਮਹਿਤਾ ਕਾਲੂ ਜੀ ਤੇ ਮਾਤਾ ਜੀ ਦਾ ਨਾਂ ਤ੍ਰਿਪਤਾ ਜੀ ਸੀ। ਆਪ ਦੀ ਇੱਕ ਵੱਡੀ ਭੈਣ ਬੇਬੇ ਨਾਨਕੀ ਜੀ ਸੀ। ਉਹ ਸੁਲਤਾਨਪੁਰ ਵਿਖੇ ਭਾਈ ਜੈ ਰਾਮ ਜੀ ਨਾਲ ਵਿਆਹੇ ਹੋਏ ਸਨ। ਆਪ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਹੋਇਆ ਤੇ ਆਪ ਦੇ ਘਰ ਦੋ ਪੁੱਤਰਾਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲੱਖਮੀ ਦਾਸ ਜੀ ਨੇ ਜਨਮ ਲਿਆ। ਭਾਈ ਬਾਲਾ ਅਤੇ ਭਾਈ ਮਰਦਾਨਾ ਆਪ ਜੀ ਦੇ ਦੋ ਬਚਪਨ ਦੇ ਸਾਥੀ ਸਨ। ਆਪ ਜੀ ਨੇ ਦੁਨੀਆ ਭਰ ਵਿੱਚ ਦੂਰ-ਦੂਰ ਤੱਕ ਯਾਤਰਾ ਕੀਤੀ ਅਤੇ ਲੋਕਾਂ ਨੂੰ ਇੱਕ ਓਂਕਾਰ ਦਾ ਸੰਦੇਸ਼ ਦਿੱਤਾ। ਆਪ ਜੀ ਨੇ ਬਹੁਤ ਸਾਰੀ ਬਾਣੀ ਰਚੀ, ਜਿਨ੍ਹਾਂ ਵਿੱਚੋਂ ਜਪੁ ਜੀ ਸਾਹਿਬ, ਆਸਾ ਦੀ ਵਾਰ ਅਤੇ ਸਿਧ ਗੋਸਟਿ ਪ੍ਰਮੁੱਖ ਹਨ। ਆਪ ਜੀ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦਾ ਉਪਦੇਸ਼ ਦਿੱਤਾ।

ੳ) ਬਾਬਾ ਨਾਨਕ ਕਿਸ ਧਰਮ ਦੇ ਮੋਢੀ ਹਨ?

ਅ) ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ?

ੲ) ਬੇਬੇ ਨਾਨਕੀ ਜੀ ਨਾਲ ਆਪ ਜੀ ਦਾ ਕੀ ਰਿਸ਼ਤਾ ਸੀ?

ਸ) ਆਪ ਜੀ ਨੇ ਕੀ ਸੰਦੇਸ਼ ਦਿੱਤਾ?

ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ। (4×1=4)



B-1

ਵਿਆਕਰਨ

3) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4×1=4)

ੳ) ਸਿਰ ਖਾਣਾ

ਅ) ਕੰਨ ਭਰਨਾ

ੲ) ਸੁੱਕ ਕੇ ਤੀਲਾ ਹੋਣਾ

ਸ) ਕੰਨੀ ਕਤਰਾਉਣਾ

4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2×1=2)

ੳ) ਜੋ ਨਾਵਲ ਲਿਖਦਾ ਹੋਵੇ -

ਅ) ਜਿਸ ਘਟਨਾ ਵਿੱਚ ਕੋਈ ਮਰ ਜਾਵੇ -

5) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2×1=2)

ਗੰਦਾ, ਹਵਾ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਬਦ, ਮਹਾ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਗਾਰ, ਨੀ

8) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (4×½=2)

ਕਬੂਤਰ, ਜਾਦੂਗਰ, ਪਟਵਾਰੀ, ਦੇਵਤਾ

9) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਚਰਖਾ, ਗਾਜਰ, ਪੋਥੀ, ਕਾਂ

10) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (4×½=2)

ਜ਼ਮੀਨ, ਉੱਦਮੀ, ਢਾਹੁਣਾ, ਨੌਕਰ

11) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਲਾਬ, ਕਨਕ, ਗਯਾਨੀ, ਸ਼ੈਹਰ

12) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (2×1=2)

ੳ) ਅੱਜ ਬਹੁਤ ਗਰਮੀ ਹੈ।

ਅ) ਬੱਚੇ ਜਮਾਤ ਵਿੱਚ ਪੜ੍ਹ ਰਹੇ ਹਨ।

ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (2×1=2)

ੳ) ਅਸੀਂ ਆਪਣੇ-ਆਪ ਸਭ ਸੰਭਾਲ ਲਵਾਂਗੇ।

ਅ) ਕਿਹੜਾ ਪਹਿਲਾ ਗੀਤ ਗਾਏਗਾ?

**14) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:** (2×1=2)

ੳ) ਰਾਮ ਕਦੋਂ ਵਾਪਸ ਆਏਗਾ

ਅ) ਕਾਸ਼ ਮੈਂ ਅਮੀਰ ਹੁੰਦਾ

## ਪਾਠ ਪੁਸਤਕ ਤੇ ਅਧਾਰਤ

**15) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** (6×1=6)

ੳ) ਭਾਰਤ ਦੇਸ਼ ਨੂੰ ਮਹਾਨ ਕਿਉਂ ਕਿਹਾ ਜਾਂਦਾ ਹੈ?

ਅ) ਕਿਸਾਨਾਂ ਲਈ ਪਾਣੀ ਕਿਉਂ ਜ਼ਰੂਰੀ ਹੈ?

ੲ) ਰਘੂ ਅਤੇ ਰਾਘਵ ਕੌਣ ਸਨ?

ਸ) ਤੀਜੀ ਲਕੀਰ ਕਿਸ ਦੀ ਪ੍ਰਤੀਕ ਸੀ?

ਹ) ਚਿੜੀਆਂ ਨੇ ਬਾਗ ਦਾ ਕੀ ਹਾਲ ਕੀਤਾ?

ਕ) ਧਰਮ ਸ਼ਾਸਤਰਾਂ ਵਿੱਚ ਪਾਣੀ ਨੂੰ ਕੀ ਮੰਨਿਆ ਜਾਂਦਾ ਹੈ?

ਖ) ਗੁਰੂ ਦੀ ਉਮਰ ਕਿੰਨੀ ਸੀ?

**16) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ (35-40 ਸ਼ਬਦਾਂ) ਵਿੱਚ ਦਿਓ: (ਕੋਈ ਛੇ)** (6×2=12)

ੳ) ਬੌਣਾ ਅਸਲ ਵਿੱਚ ਕੌਣ ਸੀ?

ਅ) ਉਹ ਮੁੰਡਾ ਆਪਣੇ ਕਮਰੇ ਵਿੱਚ ਕੀ ਕਰਦਾ ਰਹਿੰਦਾ ਸੀ?

ੲ) ਰਾਜੇ ਨੂੰ ਚਿੜੀ ਤੇ ਤਰਸ ਕਿਉਂ ਆ ਗਿਆ?

ਸ) 'ਭਾਰਤ ਮਾਂ' ਕਵਿਤਾ ਦੇ ਵਿਚਾਰ ਕਿਸ ਗੀਤ ਨਾਲ ਮਿਲਦੇ ਹਨ ਅਤੇ ਉਹ ਗੀਤ ਕਿਸ ਕਵੀ ਦਾ ਲਿਖਿਆ ਹੋਇਆ ਹੈ?

ਹ) ਰਘੂ ਅਤੇ ਰਾਘਵ ਕਿਉਂ ਡਰੇ ਹੋਏ ਸਨ?

ਕ) ਸਾਰੀ ਗੱਲ ਸੁਣ ਕੇ ਰਾਜੇ ਨੇ ਉਸ ਮੁੰਡੇ ਨਾਲ ਕੀ ਸਲੂਕ ਕੀਤਾ?

ਖ) ਜਲ ਪ੍ਰਦੂਸ਼ਣ ਤੋਂ ਕੀ ਭਾਵ ਹੈ? ਜਲ ਕਿਵੇਂ ਦੂਸ਼ਿਤ ਹੋ ਰਿਹਾ ਹੈ?

**17) ਖਾਲੀ ਥਾਵਾਂ ਭਰੋ:** (3×1=3)

ੳ) ਪਾਣੀ ਹੈ ਤਾਂ ................. ਹੈ।

ਅ) ਮੈਨੂੰ ਤਾਂ ................. ਕੱਟਣ ਵਾਲੀ ਆਰੀ ਚਾਹੀਦੀ ਹੈ।

ੲ) ਚੌਥੀ ਲਕੀਰ ਸੰਸਾਰ ਦੇ ਮਾਲਕ ................. ਦੀ ਪ੍ਰਤੀਕ ਸੀ।

18) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ (✓) ਅਤੇ ਗਲਤ ਵਾਕ ਅੱਗੇ ਗਲਤ (X) ਦਾ ਨਿਸ਼ਾਨ ਲਗਾਓ: (4×½=2)

ੳ) ਰਾਜੇ ਨੇ ਚਿੜੀਆਂ ਨੂੰ ਅਜ਼ਾਦ ਕਰ ਦਿੱਤਾ।

ਅ) ਜਲਦੀ ਹੀ ਰਾਜੇ ਦੇ ਘਰ ਪੁੱਤਰ ਦਾ ਜਨਮ ਹੋਇਆ।

ੲ) ਪੰਜਾਬ ਦੇ ਦਰਿਆ ਸਾਰਾ ਸਾਲ ਨਹੀਂ ਵਗਦੇ।

ਸ) ਭਾਰਤ ਵਿੱਚ ਸਾਰੇ ਧਰਮਾਂ ਦੇ ਲੋਕ ਮਿਲ-ਜੁਲ ਕੇ ਰਹਿੰਦੇ ਹਨ।

19) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ: (2×1=2)

ੳ) "ਐਨੀ ਦੇਰ ਕਿਉਂ ਲਗਾ ਦਿੱਤੀ? ਕਿੱਥੇ ਹੈ ਮੇਰੀ ਆਰੀ ...... ਕੀ ਲੈ ਕੇ ਹੋਏ ਹੋ?"

ਅ) "ਬੇਟਾ! ਮੈਂ ਜ਼ਾਲਮ ਨਹੀਂ, ਮੈਂ ਤੇਰੀ ਬਲੀ ਨਹੀਂ ਦੇਵਾਂਗਾ।"

20) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ) (5×1=5)

ਮੈਂਬਰ, ਮਹਾਨ, ਪਿੰਜਰਾ, ਖ਼ਤਰਨਾਕ, ਅਪਰਾਧ, ਔਲਾਦ

## ਲਿਖਣ-ਕੌਸ਼ਲ

21) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਦਿਵਾਲੀ**

ਨੁਕਤੇ -

ਜਾਣ-ਪਛਾਣ, ਦਿਵਾਲੀ ਦੀਆਂ ਤਿਆਰੀਆਂ, ਇਤਿਹਾਸਕ ਪਿਛੋਕੜ, ਬਜ਼ਾਰਾਂ ਦਾ ਦ੍ਰਿਸ਼, ਦਿਵਾਲੀ ਦਾ ਦਿਨ, ਰਾਤ ਦਾ ਦ੍ਰਿਸ਼, ਖ਼ੁਸ਼ੀਆਂ ਭਰਿਆ ਤਿਉਹਾਰ।

**ਜਾਂ**

**ਵਿਗਿਆਨ ਦੇ ਲਾਭ-ਹਾਨੀਆਂ**

ਨੁਕਤੇ -

ਜਾਣ-ਪਛਾਣ, ਬਿਜਲੀ ਦੀ ਕਾਢ, ਸੰਚਾਰ ਦੇ ਸਾਧਨ, ਮਨੋਰੰਜਨ ਦੇ ਸਾਧਨ, ਆਵਾਜਾਈ ਦੇ ਸਾਧਨ, ਖੇਤੀਬਾੜੀ ਲਈ ਵਰਦਾਨ, ਵਿਗਿਆਨ ਦੀਆਂ ਹਾਨੀਆਂ।

22) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਸੈਕਸ਼ਨ ਨਾ ਬਦਲਣ ਲਈ ਬਿਨੈ-ਪੱਤਰ ਲਿਖੋ। (7)

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।